# February 23, 2021
# Level 3

1. Read the following stories 3 times each. There will be questions asked about the stories next class.

# ਪੰਜਾਬੀ ਵਿੱਚ ਟਾਈਮ

## ਕੀ ਵਕਤ/ਸਮਾਂ/ਟਾਈਮ ਹੈ ?

Kee Vaqṭ/Samaaṅ/Time hai ?



ਛੇ ਵੱਜੇ ਹਨ
chhe vajje han



ਨੌਂ ਵੱਜੇ ਹਨ
nauṅ vajje han



ਬਾਰਾਂ ਵੱਜੇ ਹਨ
baaraaṅ vajje han



ਸੱਤ ਵੱਜ ਕੇ ਵੀਹ ਮਿੰਟ
saṭṭ vajj ke veeh miṅt



ਦਸ ਵੱਜਣ ਵਿਚ ਦਸ ਮਿੰਟ
ḍas vajjaṇ vich ḍas miṅt



ਸਵਾ ਚਾਰ
savaa chaar



ਸਾਢੇ ਅੱਠ
saadhe ath



ਪੌਣੇ ਦੋ
pauṇe do



ਸਾਢੇ ਤਿੰਨ
saadhe ṭiṅn



ਡੇਢ ਵਜਿਆ ਹੈ
dedh vajjiaa hai



ਢਾਈ ਵੱਜੇ ਹਨ
dhaaee vajje han



ਸਾਢੇ ਗਿਆਰਾਂ
saadhe giaaraaṅ



ਸਵਾ ਬਾਰਾਂ
savaa baaraaṅ



ਸਾਢੇ ਬਾਰਾਂ
saadhe baaraaṅ



ਪੌਣੇ ਬਾਰਾਂ
pauṇe baaraaṅ



ਨੌਂ ਵੱਜਣ ਵਿਚ ਪੱਚੀ ਮਿੰਟ
nauṅ vajjaṇ vich pachee miṅt



ਤਿੰਨ ਵੱਜ ਕੇ ਪੱਚੀ ਮਿੰਟ
ṭiṅn vajj ke pachchee miṅt



ਪੰਜ ਵੱਜੇ ਹਨ
paṅj vajje han

# ਚੂਹਿਆਂ ਦੀ ਮੀਟਿੰਗ

ਇੱਕ ਪਿੰਡ ਵਿੱਚ ਬਹੁਤ ਸਾਰੇ ਚੂਹੇ ਰਹਿੰਦੇ ਸੀ। ਉੱਥੇ ਇੱਕ ਬਿੱਲੀ ਵੀ ਰਹਿੰਦੀ ਸੀ। ਬਿੱਲੀ ਹਰ ਰੋਜ਼ ਇੱਕ ਚੂਹਾ ਫੜ ਕੇ ਖਾ ਲੈਂਦੀ ਸੀ। ਇਸ ਤੋਂ ਚੂਹੇ ਬੜੇ ਤੰਗ ਆ ਗਏ ਸਨ। ਉਨ੍ਹਾਂ ਦੀ ਗਿਣਤੀ ਦਿਨੋ ਦਿਨ ਘਟਦੀ ਜਾ ਰਹੀ ਸੀ।

ਚੂਹੇ ਹਰ ਰੋਜ਼ ਇੱਕ ਦੂਜੇ ਨਾਲ ਗੱਲਾਂ ਕਰਦੇ ਅਤੇ ਸੋਚਦੇ ਰਹਿੰਦੇ ਕਿ ਕਿਸ ਤਰ੍ਹਾਂ ਬਿੱਲੀ ਤੋਂ ਬਚਿਆ ਜਾਵੇ। ਕੁਝ ਸਿਆਣੇ ਚੂਹੇ ਕਾਫੀ ਦੇਰ ਸੋਚਣ ਤੋਂ ਬਾਅਦ ਇਸ ਸਿੱਟੇ ਉੱਤੇ ਪਹੁੰਚੇ ਕਿ ਇੱਕ ਦਿਨ ਸਾਰੇ ਚੂਹਿਆਂ ਦੀ ਮੀਟਿੰਗ ਬੁਲਾਉਣੀ ਚਾਹੀਦੀ ਹੈ ਤਾਂ ਕਿ ਬਿੱਲੀ ਤੋਂ ਬਚਣ ਲਈ ਕੋਈ ਨਾ ਕੋਈ ਸਕੀਮ ਬਣਾਈ ਜਾਵੇ।

ਆਖ਼ਰ ਉਹਨਾਂ ਨੇ ਇੱਕ ਦਿਨ ਮੀਟਿੰਗ ਬੁਲਾਈ ਜਿਸ ਵਿਚ ਪਿੰਡ ਦੇ ਸਾਰੇ ਚੂਹੇ ਇਕੱਠੇ ਹੋਏ। ਮੀਟਿੰਗ ਵਿੱਚ ਹਰ ਇੱਕ ਚੂਹੇ ਨੇ ਆਪਣੇ ਆਪਣੇ ਵਿਚਾਰ ਪ੍ਰਗਟ ਕੀਤੇ। ਇੱਕ ਚੂਹੇ ਦੀ ਸਕੀਮ ਸਭ ਨੂੰ ਪਸੰਦ ਆਈ। ਉਸ ਨੇ ਕਿਹਾ ਕਿ ਬਿੱਲੀ ਦੇ ਗਲ ਵਿੱਚ ਇੱਕ ਟੱਲੀ ਬੰਨ੍ਹ ਦੇਣੀ ਚਾਹੀਦੀ ਹੈ ਜਿਸ ਨੂੰ

GURMAT CENTER SINCE 1993

ਸੁਣ ਕੇ ਅਸੀਂ ਜਲਦੀ ਆਪਣੀਆਂ ਆਪਣੀਆਂ ਖੁੱਡਾਂ ਵਿੱਚ ਵੜ ਜਾਇਆ ਕਰਾਂਗੇ।

ਉਹਨਾਂ ਵਿੱਚੋਂ ਇੱਕ ਚੂਹਾ ਬਹੁਤ ਅਕਲਮੰਦ ਸੀ। ਉਸ ਨੇ ਕਿਹਾ ਕਿ ਇਹ ਸਕੀਮ ਤਾਂ ਬਹੁਤ ਚੰਗੀ ਹੈ ਪਰ ਬਿੱਲੀ ਦੇ ਗਲ ਵਿੱਚ ਟੱਲੀ ਬੰਨ੍ਹਣ ਦਾ ਕੌਣ ਹੌਸਲਾ ਕਰੇਗਾ। ਇਹ ਸੁਣ ਕੇ ਚੂਹੇ ਫੇਰ ਸੋਚਾਂ ਵਿੱਚ ਪੈ ਗਏ। ਅਜੇ ਚੂਹਿਆਂ ਦੀ ਮੀਟਿੰਗ ਜਾਰੀ ਹੀ ਸੀ ਕਿ ਸਾਹਮਣਿਓਂ ਬਿੱਲੀ ਆ ਗਈ। ਬਿੱਲੀ ਨੂੰ ਦੇਖ ਕੇ ਸਾਰੇ ਚੂਹੇ ਭੱਜ ਕੇ ਆਪਣੀਆਂ ਆਪਣੀਆਂ ਖੁੱਡਾਂ ਵਿੱਚ ਵੜ ਗਏ।

## ANNOUNCEMENTS

1. Spring Break
    - There will only be one week of spring break this year in order to successfully complete class curriculum by June.
    - Classes WILL continue during the first week of school district spring break week (Monday, March 15 to Friday, March 19, 2021).
    - Break will take place from Monday, March 22 to Friday, March 26, 2021.